2025-90

# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ ਕੰਪਲੈਕਸ, ਵਿੱਦਿਆ ਭਵਨ, ਬਲਾਕ ਈ, ਛੇਵੀਂ ਮੰਜ਼ਿਲ, ਫੇਜ਼ 8, ਮੋਹਾਲੀ.
ਈਮੇਲ. directorscert@punjabeducation.gov.in, ਫੋਨ ਨੰ. 0172 2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਸਮੂਹ ਡਾਇਟ ਪ੍ਰਿੰਸੀਪਲ,
ਸਮੂਹ ਬੀ.ਪੀ.ਈ.ਓ.,
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ: E-671555 / SCERT, QE|UP|2025-176637

ਮਿਤੀ:ਐਸ.ਏ.ਐਸ. ਨਗਰ, 26-06-2025

**ਵਿਸ਼ਾ: ਸੈਸ਼ਨ 2025-26 ਦੌਰਾਨ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਮਿਸ਼ਨ ਸਮਰੱਥ 3.0 ਦੀਆਂ ਹਦਾਇਤਾਂ ਸੰਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0. ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਜਮਾਤਾਂ ਤੀਜੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਦੇ ਵਰਤਮਾਨ ਸਿੱਖਣ ਪੱਧਰ ਦੀ ਜਾਂਚ ਕਰਨ ਲਈ ਜੁਲਾਈ ਦੇ ਸ਼ੁਰੂ ਵਿੱਚ ਵਿਦਿਆਰਥੀਆਂ ਦਾ ਗਣਿਤ, ਪੰਜਾਬੀ ਅਤੇ ਅੰਗ੍ਰੇਜ਼ੀ ਵਿਸ਼ੇ ਦਾ ਜੁਲਾਈ ਮਹੀਨੇ ਦਾ ਮੁਲਾਂਕਣ ਕੀਤਾ ਜਾਵੇਗਾ।

3.0. ਜੁਲਾਈ ਮਹੀਨੇ ਦੇ ਮੁਲਾਂਕਣ ਉਪਰੰਤ ਹੀ ਵਿਦਿਆਰਥੀਆਂ ਦੀ ਗਰੁਪਿੰਗ ਉਹਨਾਂ ਦੇ ਸਿੱਖਣ ਪੱਧਰਾਂ ਦੇ ਅਧਾਰ ਤੇ ਦੁਬਾਰਾ ਤੋਂ ਕੀਤੀ ਜਾਵੇਗੀ।

4.0. ਜਮਾਤਾਂ ਤੀਜੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਦੇ ਮਿਸ਼ਨ ਸਮਰੱਥ ਤਹਿਤ ਪ੍ਰਗਤੀ ਚਾਰਟ ਜਮਾਤਾਂ ਵਿੱਚ ਜ਼ਰੂਰ ਲਗਾਏ ਜਾਣ ਜਿਸ ਵਿੱਚ ਵਿਦਿਆਰਥੀਆਂ ਦੀ ਹਰੇਕ ਵਿਸ਼ੇ ਦੇ ਵੱਖ-ਵੱਖ ਮੁਲਾਂਕਣਾਂ (ਬੇਸ-ਲਾਈਨ, ਮਿਡ-ਲਾਈਨ, ਜੁਲਾਈ ਮੁਲਾਂਕਣ, Endline ਮੁਲਾਂਕਣ) ਦੀ ਪ੍ਰਗਤੀ ਦਰਸਾਈ ਜਾਵੇ।

5.0. ਜਮਾਤਾਂ ਤੀਜੀ ਤੋਂ ਅੱਠਵੀਂ ਦੇ ਜੁਲਾਈ ਮੁਲਾਂਕਣ, Endline ਮੁਲਾਂਕਣ ਅਤੇ Remedial Classes ਦਾ Schedule ਹੇਠ ਲਿਖੇ ਅਨੁਸਾਰ ਹੈ: -

| ਜਮਾਤਾਂ | ਜੁਲਾਈ ਮੁਲਾਂਕਣ ਦੀ ਮਿਤੀ | ਮਿਸ਼ਨ ਸਮਰੱਥ ਤਹਿਤ ਗਤੀਵਿਧੀਆਂ | Endline ਮੁਲਾਂਕਣ ਦੀ ਮਿਤੀ |
|---|---|---|---|
| ਤੀਜੀ ਤੋਂ ਪੰਜਵੀਂ | 07-07-25 ਤੋਂ 09-07-25 ਤੱਕ | 1. ਮਿਤੀ 01-07-25 ਤੋਂ 31-08-25 ਤੱਕ ਪਹਿਲੇ ਤਿੰਨ ਘੰਟੇ ਮਿਸ਼ਨ ਸਮਰੱਥ ਤਹਿਤ ਗਤਿਵਿਧੀਆਂ ਕਰਵਾਈਆਂ ਜਾਣ ਅਤੇ ਬਾਕੀ ਸਮੇਂ ਵਿੱਚ ਸਾਰੇ ਵਿਸ਼ਿਆਂ ਦਾ ਰੈਗੂਲਰ ਸਿਲੇਬਸ ਸ਼ੁਰੂ ਕਰਵਾਇਆ ਜਾਵੇ।<br>2. ਇਹਨਾਂ ਜਮਾਤਾਂ ਲਈ 01 ਜੁਲਾਈ 2025 ਤੋਂ ਸ਼ੁਰੂ ਹੋਣ ਵਾਲਾ ਟਾਈਮ ਟੇਬਲ ਪੱਤਰ ਨਾਲ ਨੱਥੀ ਹੈ। | Endline testing 28-08-25 ਤੋਂ 30-08-25 |
| ਛੇਵੀਂ ਤੋਂ ਸੱਤਵੀਂ | 07-07-25 ਤੋਂ 09-07-25 ਤੱਕ | ਮਿਤੀ 01-07-25 ਤੋਂ 31-07-25 ਤੱਕ ਪਹਿਲੇ ਚਾਰ ਪੀਰੀਅਡਾਂ ਵਿੱਚ ਮਿਸ਼ਨ ਸਮਰੱਥ ਪਹਿਲਾਂ ਵਾਂਗ ਚਲਾਇਆ ਜਾਵੇਗਾ। | Endline testing 29-07-25 ਤੋਂ 31-07-25<br>• Remedial Classes:- Endline ਮੁਲਾਂਕਣ ਉਪਰੰਤ ਲੈਵਲ-1 ਤੇ ਲੈਵਲ-2 ਦੇ ਵਿਦਿਆਰਥੀਆਂ ਨੂੰ ਪੰਜਾਬੀ, ਅੰਗ੍ਰੇਜ਼ੀ ਅਤੇ ਗਣਿਤ ਦੀਆਂ ਮਿਸ਼ਨ ਸਮਰੱਥ ਤਹਿਤ ਗਤੀਵਿਧੀਆਂ ਮਿਤੀ 01-08-25 ਤੋ 31-08-25 ਤੱਕ ਪਹਿਲੇ ਦੋ ਪੀਰੀਅਡਾਂ ਵਿੱਚ ਕਰਵਾਈਆਂ ਜਾਣ। ਇਹਨਾਂ ਵਿਦਿਆਰਥੀਆਂ ਦੇ ਸਿੱਖਣ ਪੱਧਰ ਵਿੱਚ ਹੋਏ ਸੁਧਾਰ ਦੀ ਜਾਂਚ ਲਈ ਮਿਤੀ 28-08-25 ਤੋਂ 30-08-25 ਤੱਕ ਇਹਨਾਂ ਦਾ ਮੁਲਾਂਕਣ ਕੀਤਾ ਜਾਵੇਗਾ। |

| | | | |
|---|---|---|---|
| ਅੱਠਵੀਂ | 07-07-25 ਤੋਂ 09-07-25 ਤੱਕ<br>• ਇਸੇ ਮੁਲਾਂਕਣ ਨੂੰ ਹੀ ਜਮਾਤ ਅੱਠਵੀਂ ਲਈ ਮਿਸ਼ਨ ਸਮਰੱਥ ਦਾ Endline ਮੰਨਿਆ ਜਾਵੇਗਾ। | Remedial Classes :- ਜੁਲਾਈ ਮੁਲਾਂਕਣ ਉਪਰੰਤ ਮਿਤੀ 10-07-25 ਤੋਂ 31-07-25 ਤੱਕ ਲੈਵਲ-1 ਦੇ ਵਿਦਿਆਰਥੀਆਂ ਨੂੰ ਪਹਿਲੇ ਪੀਰੀਅਡ ਵਿੱਚ ਮਿਸ਼ਨ ਸਮਰੱਥ ਤਹਿਤ ਪੰਜਾਬੀ, ਅੰਗ੍ਰੇਜ਼ੀ ਅਤੇ ਗਣਿਤ ਵਿਸ਼ੇ ਦੀਆਂ ਗਤੀਵਿਧੀਆਂ ਕਰਵਾਈਆਂ ਜਾਣਗੀਆਂ।<br>ਲੈਵਲ-1 ਦੇ ਵਿਦਿਆਰਥੀ ਦੇ ਸਿੱਖਣ ਪੱਧਰ ਵਿੱਚ ਹੋਏ ਸੁਧਾਰ ਨੂੰ ਜਾਂਚਣ ਲਈ 31-07-25 ਨੂੰ ਮੁੜ ਤੋਂ ਇਹਨਾਂ ਦਾ ਮੁਲਾਂਕਣ ਕੀਤਾ ਜਾਵੇਗਾ। | ਮਿਤੀ 07-07-25 ਤੋਂ 09-07-25 ਤੱਕ ਐਂਡਲਾਈਨ ਮੁਲਾਂਕਣ ਹੋਣ ਤੋਂ ਬਾਅਦ ਅੱਠਵੀਂ ਜਮਾਤ ਲਈ ਪੰਜਾਬੀ, ਅੰਗ੍ਰੇਜ਼ੀ ਅਤੇ ਗਣਿਤ ਵਿਸ਼ਿਆਂ ਦਾ ਰੈਗੂਲਰ ਸਲੇਬਸ ਪੜ੍ਹਾਇਆ ਜਾਵੇਗਾ। |

6.0. ਜੁਲਾਈ ਮੁਲਾਂਕਣ ਤੋਂ ਪਹਿਲਾਂ ਮਿਤੀ 01-07-25 ਤੋਂ 06-07-25 ਤੱਕ ਜਮਾਤ ਤੀਜੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਨੂੰ ਮਿਸ਼ਨ ਸਮਰੱਥ ਤਹਿਤ ਪਹਿਲਾਂ ਕੀਤੀ ਗੁਰਪਿੰਗ ਅਨੁਸਾਰ ਬਿਠਾ ਕੇ ਉਹਨਾਂ ਦੇ ਲੈਵਲ ਅਨੁਸਾਰ ਦੁਹਰਾਈ ਕਰਵਾ ਦਿੱਤੀ ਜਾਵੇ।

7.0. ਅਧਿਆਪਕਾਂ ਦੀ ਸਹੂਲੀਅਤ ਲਈ ਜਮਾਤਾਂ ਤੀਜੀ ਤੋਂ ਅੱਠਵੀਂ ਲਈ ਪਹਿਲਾਂ ਭੇਜੀਆਂ TLM ਤੋਂ ਇਲਾਵਾ ਪਾਠ-ਪੁਸਤਕ ਅਧਾਰਿਤ ਕੰਮ ਕਰਵਾਉਣ ਲਈ ਗਣਿਤ, ਪੰਜਾਬੀ ਅਤੇ ਅੰਗ੍ਰੇਜ਼ੀ ਵਿਸ਼ਿਆਂ ਦੀਆਂ ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਤੇ ਅਧਾਰਿਤ ਲੈਵਲ ਵਾਈਜ਼ ਵਰਕਸ਼ੀਟਾਂ ਮਿਤੀ 15-07-25 ਤੋਂ ਭੇਜੀਆਂ ਜਾਣਗੀਆਂ ।

8.0. ਛੇਵੀਂ ਅਤੇ ਸੱਤਵੀਂ ਜਮਾਤਾਂ ਦੇ ਲੈਵਲ-1 ਅਤੇ ਲੈਵਲ-2 ਦੇ ਵਿਦਿਆਰਥੀਆਂ ਲਈ Remedial Classes ਮਿਤੀ 01-08-25 ਤੋਂ 31-08-25 ਤੱਕ ਪਹਿਲੇ ਦੋ ਪੀਰੀਅਡਾਂ ਵਿੱਚ ਲਗਾਈਆਂ ਜਾਣਗੀਆਂ, ਜਿਸ ਦਾ ਸਮਾਂ-ਸਾਰਣੀ ਹੇਠ ਲਿਖੇ ਅਨੁਸਾਰ ਹੈ :

| ਪੀਰੀਅਡ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
|---|---|---|---|---|---|---|
| I | ਪੰਜਾਬੀ | ਪੰਜਾਬੀ | ਅੰਗ੍ਰੇਜ਼ੀ | ਅੰਗ੍ਰੇਜ਼ੀ | ਗਣਿਤ | ਗਣਿਤ |
| II | ਗਣਿਤ | ਗਣਿਤ | ਪੰਜਾਬੀ | ਪੰਜਾਬੀ | ਅੰਗ੍ਰੇਜ਼ੀ | ਅੰਗ੍ਰੇਜ਼ੀ |

Remedial Classes ਦੌਰਾਨ ਲੈਵਲ-1 ਅਤੇ ਲੈਵਲ-2 ਦੇ ਵਿਦਿਆਰਥੀਆਂ ਨੂੰ ਪਾਠ-ਪੁਸਤਕ ਅਧਾਰਿਤ ਵਰਕਸ਼ੀਟਾਂ ਵਿੱਚੋਂ ਹੀ ਕੰਮ ਕਰਵਾਇਆ ਜਾਵੇ। ਇਹਨਾਂ ਪੀਰੀਅਡਾਂ ਦੌਰਾਨ Level-3 ਦੇ ਵਿਦਿਆਰਥੀਆਂ ਨੂੰ ਸੰਬੰਧਤ ਵਿਸ਼ੇ ਦੀਆਂ ਪਾਠ-ਪੁਸਤਕ ਅਧਾਰਿਤ ਵਰਕਸ਼ੀਟਾਂ(Level-3) ਹੀ ਕਰਵਾਈਆਂ ਜਾਣ।

9.0. ਅੱਠਵੀਂ ਜਮਾਤ ਦੇ ਲੈਵਲ-1 ਦੇ ਵਿਦਿਆਰਥੀਆਂ ਲਈ ਮਿਤੀ 10-07-25 ਤੋਂ 31-07-2025 ਤਕ ਪਹਿਲੇ ਪੀਰੀਅਡ ਵਿੱਚ ਲਈਆਂ ਜਾਣ ਵਾਲੀਆਂ Remedial Classes ਦਾ ਟਾਈਮ ਟੇਬਲ ਹੇਠ ਲਿਖੇ ਅਨੁਸਾਰ ਹੈ:-

| ਪੀਰੀਅਡ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
|---|---|---|---|---|---|---|
| I | ਪੰਜਾਬੀ | ਪੰਜਾਬੀ | ਅੰਗ੍ਰੇਜ਼ੀ | ਅੰਗ੍ਰੇਜ਼ੀ | ਗਣਿਤ | ਗਣਿਤ |

ਲੈਵਲ-1 ਦੇ ਵਿਦਿਆਰਥੀਆਂ ਨੂੰ ਇਹਨਾ Remedial Classes ਦੇ ਪੀਰੀਅਡਾਂ ਦੌਰਾਨ ਹੈਡ ਆਫਿਸ ਵੱਲੋਂ ਭੇਜੀਆਂ ਸੰਬੰਧਤ ਵਿਸ਼ੇ ਦੀਆਂ ਵਰਕਸ਼ੀਟਾਂ ਹੀ ਕਰਵਾਈਆਂ ਜਾਣ। ਇਹਨਾਂ ਪੀਰੀਅਡਾਂ ਦੌਰਾਨ Level-2 ਅਤੇ Level-3 ਦੇ ਵਿਦਿਆਰਥੀਆਂ ਨੂੰ ਸੰਬੰਧਤ ਵਿਸ਼ੇ ਦੇ ਪਾਠ-ਪੁਸਤਕ ਅਧਾਰਿਤ ਕੰਮ ਕਰਵਾਇਆ ਜਾਵੇ।

10.0. ਤੀਜੀ ਤੋਂ ਅੱਠਵੀਂ ਜਮਾਤਾਂ ਦਾ ਪੰਜਾਬੀ, ਅੰਗ੍ਰੇਜ਼ੀ, ਗਣਿਤ ਵਿਸ਼ਿਆਂ ਦਾ Bimonthly Test-1 ਜੁਲਾਈ ਮਹੀਨੇ ਵਿੱਚ ਮਿਸ਼ਨ ਸਮਰੱਥ ਤਹਿਤ ਕਵਰ ਕੀਤੇ ਟਾਪਿਕਾਂ ਵਿੱਚੋਂ ਹੀ ਲਿਆ ਜਾਵੇਗਾ ।

## ਸਮਾਂ ਸਾਰਨੀ (ਬਾਬਤ ਮਹੀਨਾ :- ਜੁਲਾਈ ਅਤੇ ਅਗਸਤ 2025)

| ਜਮਾਤ ਤੀਜੀ ਤੋਂ ਪੰਜਵੀਂ | | | | | | | |
|---|---|---|---|---|---|---|---|
| ਜਮਾਤ | ਸਮਾਂ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
| ਤੀਜੀ ਤੋਂ ਪੰਜਵੀਂ | 8.00 ਤੋਂ 8.30 | ਸਵੇਰ ਦੀ ਸਭਾ | | | | | |
| | 8.30 ਤੋਂ 9.30 | ਮਿਸ਼ਨ ਸਮਰੱਥ ਤਹਿਤ ਵਿਸ਼ਾ ਪੰਜਾਬੀ | | | | | |
| | 9.30 ਤੋਂ 10.30 | ਮਿਸ਼ਨ ਸਮਰੱਥ ਤਹਿਤ ਵਿਸ਼ਾ ਗਣਿਤ | | | | | |
| | 10.30 ਤੋਂ 11.30 | ਮਿਸ਼ਨ ਸਮਰੱਥ ਤਹਿਤ ਵਿਸ਼ਾ ਅੰਗੇਰਜ਼ੀ | | | | | |
| | 11.30 ਤੋਂ 12.30 | ਅੱਧੀ ਛੁੱਟੀ | | | | | |
| | 12.00 ਤੋਂ 12.30 | ਪੰਜਾਬੀ | ਪੰਜਾਬੀ | ਪੰਜਾਬੀ | ਪੰਜਾਬੀ | ਲਾਇਬ੍ਰੇਰੀ - ਤੀਜੀ<br>ਹਿੰਦੀ - ਚੌਥੀ ਅਤੇ ਪੰਜਵੀਂ | ਬਾਲ ਸਭਾ |
| | 12.30 ਤੋਂ 1.00 | ਗਣਿਤ | ਗਣਿਤ | ਗਣਿਤ | ਖੇਡਾ -ਚੌਥੀ ਅਤੇ ਪੰਜਵੀਂ | ਗਣਿਤ | |
| | 1.00 ਤੋਂ 1.30 | ਅੰਗਰੇਜ਼ੀ | ਅੰਗਰੇਜ਼ੀ | ਅੰਗਰੇਜ਼ੀ- ਤੀਜੀ<br>ਹਿੰਦੀ - ਚੌਥੀ ਅਤੇ ਪੰਜਵੀਂ | ਅੰਗਰੇਜ਼ੀ | ਅੰਗਰੇਜ਼ੀ | |
| | 1.30 ਤੋਂ 2.00 | ਵਾਤਾਵਰਨ ਸਿੱਖਿਆ-ਤੀਜੀ<br>ਹਿੰਦੀ - ਚੌਥੀ ਅਤੇ ਪੰਜਵੀ | ਵਾਤਾਵਰਨ ਸਿੱਖਿਆ | ਵਾਤਾਵਰਨ ਸਿੱਖਿਆ | ਵਾਤਾਵਰਨ ਸਿੱਖਿਆ | ਖੇਡਾ (ਤੀਜੀ) | |

11.0. ਉਪਰੋਕਤ ਤੋਂ ਇਲਾਵਾ ਵਿਭਾਗ ਵੱਲੋਂ ਬਾਰ-ਬਾਰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੇ ਮੁਲਾਂਕਣ ਦਾ ਡਾਟਾ ਸਹੀ ਹੋਣਾ ਬਹੁਤ ਜਰੂਰੀ ਹੈ ਕਿਉਂਕਿ ਸਹੀ ਡਾਟਾ ਕਿਸੇ ਵੀ ਮਿਸ਼ਨ ਦੀ ਸਫਲਤਾ ਦਾ ਆਧਾਰ ਹੁੰਦਾ ਹੈ। ਇਸ ਲਈ ਮਿਸ਼ਨ ਸਮਰੱਥ 3.0 ਦੌਰਾਨ ਕੀਤੇ ਜਾਣ ਵਾਲੇ ਵੱਖ-ਵੱਖ ਮੁਲਾਂਕਣਾਂ ਵਿੱਚ ਬੱਚਿਆਂ ਦੇ ਸਿੱਖਣ ਪੱਧਰਾਂ ਬਾਰੇ ਸਕੂਲਾਂ ਵੱਲੋਂ ਈ-ਪੰਜਾਬ ਐਪ ਤੇ ਅਪਲੋਡ ਕੀਤੇ ਗਏ ਡਾਟੇ ਦੀ ਸ਼ੁੱਧਤਾ ਯਕੀਨੀ ਬਣਾਉਣ ਲਈ, ਰੈਂਡਮ ਤੌਰ ਤੇ ਇਹਨਾਂ ਮੁਲਾਂਕਣਾਂ ਦੀ ਜਾਂਚ ਕੀਤੀ ਜਾਵੇਗੀ। ਉਕਤ ਜਾਂਚ ਦੌਰਾਨ ਜੇਕਰ ਕਿਸੇ ਸਕੂਲ ਵੱਲੋਂ ਉਪਲਬਧ ਕਰਵਾਏ ਗਏ ਅੰਕੜਿਆਂ ਅਤੇ ਜਾਂਚ ਵਿੱਚ 5% ਤੋਂ ਵੱਧ ਅੰਤਰ ਪਾਇਆ ਜਾਂਦਾ ਹੈ ਤਾਂ ਉੱਚ-ਅਧਿਕਾਰੀਆਂ ਵੱਲੋਂ ਸਕੂਲ ਮੁਖੀ ਅਤੇ ਸੰਬੰਧਤ ਅਧਿਆਪਕ ਦਾ ਗੰਭੀਰ ਨੋਟਿਸ ਲਿਆ ਜਾਵੇਗਾ। ਇਸ ਲਈ ਸਮੂਹ ਸਕੂਲ ਮੁਖੀ ਯਕੀਨੀ ਬਣਾਉਣਗੇ ਕਿ ਅਧਿਆਪਕ ਸਹੀ ਅਤੇ ਨਿਰਪੱਖ ਡਾਟਾ ਹੀ ਅਪਲੋਡ ਕਰਨ।

12.0. ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

(ਕਿਰਨ ਸ਼ਰਮਾ, ਪੀ.ਸੀ.ਐਸ.)
ਡਾਇਰੈਕਟਰ,ਐਸ.ਸੀ.ਈ.ਆਰ.ਟੀ.,
ਪੰਜਾਬ।

ਮਿਤੀ: 26-06-2025

ਪਿੱਠ ਅੰਕਣ ਨੰਬਰ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ./ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
4. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
5. DM (MIS) –ਵੈੱਬਸਾਈਟ ਤੇ ਅਪਲੋਡ ਕਰਨ ਲਈ

(ਡਾ. ਸ਼ੰਕਰ ਚੌਧਰੀ)
ਸਹਾਇਕ ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪਟਿਆਲਾ
ਪਿੱਠ ਅੰਕਣ ਨੰ 2-1/2024 [illegible] ਮਿਤੀ 26/6/25
ਉਪਰੋਕਤ ਪੱਤਰ ਦਾ ਉਤਾਰਾ [illegible] ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸੈਸ਼ਨ 2025-26 ਦੌਰਾਨ [illegible] ਮਿਸ਼ਨ ਸਮਰੱਥ 3.0 ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪਟਿਆਲਾ
26/6/25